# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**13:40**

**ਮਿਤੀ :15-09-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਚੁਗਿਰਦਾ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਕੇਂਦਰੀ ਮੰਤਰੀ ਭੂਪੇਂਦਰ ਯਾਦਵ ਨੇ ਅੱਜ ਗਾਂਧੀਨਗਰ ਵਿੱਚ 'ਵਰਲਡ ਸਰਕੂਲਰ ਇਕਾਨਮੀ ਫੋਰਮ 2026 ਸੰਮੇਲਨ' ਨੂੰ ਸੰਬੋਧਨ ਕਰਦਿਆਂ, ਨਿਰੰਤਰ ਵਿਕਾਸ ਢਾਂਚੇ ਵਿੱਚ 'circular economy' ਦੇ ਸਿਧਾਂਤਾਂ ਨੂੰ ਸ਼ਾਮਲ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਅਤੇ ਉਦਯੋਗ ਵਿਚਕਾਰ ਭਾਈਵਾਲੀ, ਭਾਰਤ ਨੂੰ ਰੱਖਿਆ ਉਤਪਾਦਨ ਦਾ ਆਲਮੀ ਕੇਂਦਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਏ।

- ਕੇਂਦਰੀ ਜਾਂਚ ਬਿਊਰੋ (CBI) ਨੇ Celebrity ਮੈਨੇਜਰ, ਦਿਸ਼ਾ ਸਾਲੀਅਨ ਦੀ ਮੌਤ ਦੇ ਮਾਮਲੇ ਵਿੱਚ FIR ਦਰਜ ਕੀਤੀ।

- ਭਾਰਤ ਦਾ ਰਾਸ਼ਟਰੀ ਲੋਕ ਸੇਵਾ ਪ੍ਰਸਾਰਕ, ਦੂਰਦਰਸ਼ਨ ਅੱਜ ਆਪਣਾ 67ਵਾਂ ਸਥਾਪਨਾ ਦਿਵਸ ਮਨਾ ਰਿਹਾ ਏ।

- ਭਾਰਤ ਅਤੇ ਅਫਗਾਨਿਸਤਾਨ ਵਿਚਕਾਰ ਦੂਜਾ Twenty-twenty ਅੰਤਰਰਾਸ਼ਟਰੀ ਕ੍ਰਿਕੇਟ ਮੈਚ ਅੱਜ ਸ਼ਾਮੀਂ ਸਾਢੇ 7 ਵਜੇ ਦਿੱਲੀ ਵਿੱਚ ਖੇਡਿਆ ਜਾਏਗਾ।

## ***ਹੁਣ ਖਬਰਾਂ ਵਿਸਥਾਰ ਨਾਲ***

10ਵਾਂ ਪ੍ਰਤਿਸ਼ਠਤ 'ਵਰਲਡ ਸਰਕੂਲਰ ਇਕਾਨਮੀ ਫੋਰਮ 2026 ਸੰਮੇਲਨ' ਅੱਜ ਗਾਂਧੀਨਗਰ ਦੇ ਮਹਾਤਮਾ ਮੰਦਰ ਵਿਖੇ ਸ਼ੁਰੂ ਹੋ ਗਿਆ ਏ। ਚੁਗਿਰਦਾ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਕੇਂਦਰੀ ਮੰਤਰੀ ਭੂਪੇਂਦਰ ਯਾਦਵ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਸਾਂਝੇ ਤੌਰ 'ਤੇ ਇਸ ਦਾ ਉਦਘਾਟਨ ਕੀਤਾ। ਇਹ ਸੰਮੇਲਨ ਭਾਰਤ ਵਿੱਚ ਪਹਿਲੀ ਵਾਰ ਹੋ ਰਿਹਾ ਏ।

ਇਸ ਵਿੱਚ 65 ਤੋਂ ਵੱਧ ਦੇਸ਼ਾਂ ਦੇ 2 ਹਜ਼ਾਰ ਤੋਂ ਵੱਧ ਹਿੱਸੇਦਾਰ ਸ਼ਾਮਲ ਹੋ ਰਹੇ ਨੇ। ਇਸ ਦਾ ਵਿਸ਼ਾ ''circular economy – ਲੋਕਾਂ ਅਤੇ ਖੁਸ਼ਹਾਲੀ ਲਈ ਤਬਦੀਲੀ' ਏ।

ਉਦਘਾਟਨੀ ਸਮਾਗਮ ਵਿੱਚ, ਕੇਂਦਰੀ ਮੰਤਰੀ ਭੂਪੇਂਦਰ ਯਾਦਵ ਨੇ ਨਿਰੰਤਰ ਵਿਕਾਸ ਦੇ ਢਾਂਚੇ ਵਿੱਚ 'ਸਰਕੂਲਰ ਇਕਾਨਮੀ' ਦੇ ਸਿਧਾਂਤਾਂ ਨੂੰ ਸ਼ਾਮਲ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਭਾਰਤ ਨੇ ਮੁੜ-ਵਰਤੋਂ, ਮੁਰੰਮਤ ਅਤੇ ਸੰਭਾਲ ਵਰਗੇ ਆਪਣੇ ਪ੍ਰਾਚੀਨ ਤਰੀਕਿਆਂ ਨੂੰ ਸਮਕਾਲੀ ਨੀਤੀਆਂ ਵਿੱਚ ਸ਼ਾਮਲ ਕਰਕੇ, ਉਨ੍ਹਾਂ ਦਾ ਆਧੁਨਿਕੀਕਰਨ ਕੀਤਾ ਏ।

**BYTE: BHUPENDRA YADAV REPAIR 39 SEC**

ਬ੍ਰਿਕਸ ਨਵੀਂ ਦਿੱਲੀ ਐਲਾਨਨਾਮਾ, ਭਾਰਤ-ਯੂਰਪੀ ਸੰਘ (EU) ਸਾਂਝਾ ਢਾਂਚਾ ਅਤੇ 'ਮਿਸ਼ਨ ਲਾਈਫ' ਵਰਗੀਆਂ ਵਿਸ਼ਵਵਿਆਪੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਕਿਹਾ ਕਿ ਸਰਕੂਲਰ ਇਕਾਨਮੀ ਦੀ ਸ਼ੁਰੂਆਤ, ਭਾਰਤ ਤੋਂ ਹੀ ਹੋਣੀ ਚਾਹੀਦੀ ਏ।

ਇਸ ਮੌਕੇ 'ਤੇ, ਰਾਜ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਕਿਹਾ ਕਿ ਵਿਕਾਸ, ਚੁਗਿਰਦਾ, ਖੁਸ਼ਹਾਲੀ ਅਤੇ ਸਥਿਰਤਾ ਦਾ ਆਪਸ ਵਿੱਚ ਤਾਲਮੇਲ ਹੋਣਾ ਚਾਹੀਦਾ ਏ। ਉਨ੍ਹਾਂ ਨੇ 'ਸਰਕੂਲਰ ਇਕਾਨਮੀ' ਦੇ ਸਿਧਾਂਤਾਂ ਨੂੰ ਭਾਰਤ ਦੇ ਨਿਰੰਤਰ ਵਿਕਾਸ ਦੀ ਬੁਨਿਆਦ ਦੱਸਿਆ।

ਦੋ ਦਿਨਾਂ ਸਮਾਰੋਹ ਦੌਰਾਨ, 4 ਮੁੱਖ ਸੈਸ਼ਨ ਅਤੇ 16 ਵਿਸ਼ਾ-ਅਧਾਰਿਤ ਸੈਸ਼ਨ ਹੋਣਗੇ, ਜਿਨ੍ਹਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, AI ਦੀ ਵਰਤੋਂ, ਸਾਫ਼ ਸੁਥਰੀ ਊਰਜਾ, ਸ਼ਾਸਨ ਅਤੇ ਸਟਾਰਟ-ਅੱਪ ਈਕੋਸਿਸਟਮ ਵਰਗੇ ਅਹਿਮ ਖੇਤਰ ਸ਼ਾਮਲ ਹੋਣਗੇ।

---

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਅਤੇ ਉਦਯੋਗਾਂ ਵਿਚਕਾਰ ਸਾਂਝੇਦਾਰੀ ਭਾਰਤ ਨੂੰ ਰੱਖਿਆ ਉਤਪਾਦਨ ਦਾ ਸੰਸਾਰ ਪੱਧਰੀ ਕੇਂਦਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਏ।

ਸ੍ਰੀ ਸਿੰਘ ਨੇ ਨਵੀਂ ਦਿੱਲੀ ਵਿੱਚ ਡੀਆਰਡੀਓ-ਇੰਡਸਟਰੀ ਸਿਨਰਜੀ ਮੀਟ 'ਵਿਮਰਸ਼ 2026' ਨੂੰ ਸੰਬੋਧਨ ਕੀਤਾ। ਰੱਖਿਆ ਮੰਤਰੀ ਨੇ ਕਿਹਾ ਕਿ ਡੀਆਰਡੀਓ ਨੇ ਮਿਜ਼ਾਈਲਾਂ ਤੋਂ ਲੈ ਕੇ ਰਡਾਰ, ਲੜਾਕੂ ਜਹਾਜ਼ਾਂ ਤੋਂ ਲੈ ਕੇ ਪਣਡੁੱਬੀਆਂ ਅਤੇ

ਇਲੈਕਟ੍ਰਾਨਿਕ ਜੰਗੀ ਪ੍ਰਣਾਲੀਆਂ ਤੋਂ ਲੈ ਕੇ ਏਆਈ ਤੱਕ, ਹਰ ਖੇਤਰ ਵਿੱਚ ਆਪਣੀ ਸਮਰੱਥਾ ਸਾਬਤ ਕੀਤੀ ਏ।

ਸ੍ਰੀ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਰੱਖਿਆ ਖੇਤਰ ਵਿੱਚ ਕੀਤੇ ਗਏ ਸੁਧਾਰ ਬੇਮਿਸਾਲ ਨੇ ਅਤੇ ਕਈ ਅਹਿਮ ਫ਼ੈਸਲੇ ਲਏ ਗਏ ਨੇ।

**BYTE: RAJNATH SINGH**

ਉਨ੍ਹਾਂ ਕਿਹਾ ਕਿ ਆਤਮ-ਨਿਰਭਰਤਾ ਦਾ ਮਤਲਬ ਸਿਰਫ਼ ਦੇਸ਼ ਵਿੱਚ ਕੁਝ ਕਲ-ਪੁਰਜ਼ੇ, ਮਿਜ਼ਾਈਲਾਂ, ਹਥਿਆਰ ਅਤੇ ਫ਼ੌਜੀ ਪਲੇਟਫਾਰਮ ਤਿਆਰ ਕਰਨਾ ਨਹੀਂ ਸਗੋਂ ਸਵੈ-ਨਿਰਭਰਤਾ ਦੇਸ਼ ਦੇ ਸੁਭਾਅ ਤੇ ਸੋਚ ਦਾ ਹਿੱਸਾ ਬਣਨੀ ਚਾਹੀਦੀ ਏ।

---------------------------------------------------

ਕੇਂਦਰੀ ਜਾਂਚ ਬਿਊਰੋ (CBI) ਨੇ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੈਨੇਜਰ ਰਹੀ ਦਿਸ਼ਾ ਸਾਲਿਆਨ ਦੀ ਮੌਤ ਦੇ ਮਾਮਲੇ ਵਿੱਚ ਐੱਫਆਈਆਰ ਦਰਜ ਕੀਤੀ ਏ। ਦਿਸ਼ਾ ਸਾਲਿਆਨ ਦੀ ਮੌਤ 8 ਜੂਨ 2020 ਨੂੰ ਇੱਕ ਇਮਾਰਤ ਦੀ 12ਵੀਂ ਮੰਜ਼ਿਲ ਤੋਂ ਡਿੱਗਣ ਤੋਂ ਬਾਅਦ ਹੋਈ ਸੀ।

ਬੰਬੇ ਹਾਈ ਕੋਰਟ ਦੇ ਹੁਕਮ ਤੋਂ ਬਾਅਦ ਇਹ ਐੱਫਆਈਆਰ ਦਰਜ ਕੀਤੀ ਗਈ ਏ। ਇਸ ਵਿੱਚ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ, ਆਦਿੱਤਿਆ ਠਾਕਰੇ, ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮ ਤੋਂ ਇਲਾਵਾ ਬਾਲੀਵੁੱਡ ਕਲਾਕਾਰਾਂ ਡੀਨੋ ਮੋਰੀਆ, ਰੋਹਨ ਰਾਏ, ਸੂਰਜ ਪੰਚੋਲੀ, ਰੀਆ ਚੱਕਰਵਰਤੀ, ਸ਼ੌਵਿਕ ਚੱਕਰਵਰਤੀ ਅਤੇ ਪੁਲਿਸ ਅਧਿਕਾਰੀ ਸਚਿਨ ਵਾਜੇ ਤੇ ਪਰਮਬੀਰ ਸਿੰਘ ਦੇ ਨਾਂ ਸ਼ਾਮਲ ਨੇ।

---------------------------------------------------

ਭਾਰਤ ਦਾ ਰਾਸ਼ਟਰੀ ਲੋਕ ਸੇਵਾ ਪ੍ਰਸਾਰਕ, ਦੂਰਦਰਸ਼ਨ ਅੱਜ ਆਪਣਾ 67ਵਾਂ ਸਥਾਪਨਾ ਦਿਵਸ ਮਨਾ ਰਿਹਾ ਏ। ਇਸ ਲੋਕ ਸੇਵਾ ਪ੍ਰਸਾਰਕ ਦੀ ਸ਼ੁਰੂਆਤ 1959 ਵਿੱਚ ਆਲ ਇੰਡੀਆ ਰੇਡੀਓ ਦੇ ਅਧੀਨ  ਟੈਲੀਵਿਜ਼ਨ ਸੇਵਾ ਦੀ ਅਜ਼ਮਾਇਸ਼ ਕਰਨ ਦੇ ਤੌਰ ’ਤੇ ਹੋਈ ਸੀ। ਪਿਛਲੇ ਕੁਝ ਸਾਲਾਂ ਦੌਰਾਨ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ, ਸੱਭਿਆਚਾਰ ਨੂੰ ਮਜ਼ਬੂਤ ਕਰਨ ਅਤੇ ਦੇਸ਼ ਦੀ ਏਕਤਾ ਲਈ ਇਹ ਅਹਿਮ ਮੰਚ ਬਣ ਗਿਆ ਏ। ਦੂਰਦਰਸ਼ਨ ਆਪਣੀਆਂ ਕਈ ਬਿਹਤਰੀਨ ਸੇਵਾਵਾਂ, ਜਿਵੇਂ ਸੈਟੇਲਾਈਟ ਅਤੇ ਡਾਇਰੈਕਟ-ਟੂ-ਹੋਮ ਸੇਵਾ ਦੇ ਜ਼ਰੀਏ, ਸੌ ਫ਼ੀਸਦੀ ਆਬਾਦੀ ਤੱਕ ਪਹੁੰਚਣ ਵਾਲਾ ਜ਼ਰੀਆ ਏ।

---------------------------------------------------

ਭਾਰਤ ਰਤਨ ਮੋਕਸ਼ਗੁੰਡਮ ਵਿਸ਼ਵੇਸ਼ਵਰੱਈਆ ਦੀ ਜੈਅੰਤੀ ਦੇ ਮੌਕੇ 'ਤੇ ਅੱਜ ਰਾਸ਼ਟਰੀ ਇੰਜੀਨੀਅਰ ਦਿਵਸ ਮਨਾਇਆ ਜਾ ਰਿਹਾ ਏ। ਉਹ ਭਾਰਤ ਦੇ ਮਹਾਨ ਇੰਜੀਨੀਅਰਾਂ ਵਿੱਚੋਂ ਇੱਕ ਸਨ। ਇਹ ਦਿਵਸ ਹਰ ਸਾਲ 15 ਸਤੰਬਰ ਨੂੰ ਵਿਸ਼ਵੇਸ਼ਵਰੱਈਆ ਦੇ ਯੋਗਦਾਨ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਏ।

ਇਕ ਸੋਸ਼ਲ ਮੀਡੀਆ ਪੋਸਟ ਰਾਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਐੱਮ. ਵਿਸ਼ਵੇਸ਼ਵਰੱਈਆ ਇੰਜੀਨੀਅਰਿੰਗ ਦੇ ਮਹਾਨ ਪ੍ਰਤਿਭਾਸ਼ਾਲੀ ਵਿਅਕਤੀ ਸਨ, ਜਿਨ੍ਹਾਂ ਦੀ ਰਾਸ਼ਟਰ ਨਿਰਮਾਣ ਬਾਰੇ ਦੂਰਦ੍ਰਿਸ਼ਟੀ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ ਕਿਹਾ ਕਿ ਐੱਮ. ਵਿਸ਼ਵੇਸ਼ਵਰੱਈਆ ਦਾ ਮਿਆਰੀ ਜਿੰਦਗੀ, ਅਨੁਸ਼ਾਸਨ, ਨਵੀਨਤਾ ਅਤੇ ਲੋਕ ਸੇਵਾ ਦੀ ਸਦੀਵੀ ਮਿਸਾਲ ਏ।

---------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਖੇਤੀਬਾੜੀ ਨਾਲ ਜੁੜੇ ਲੋਕ-ਪੁਰਬ ਨੁਆਖਾਈ ਮੌਕੇ ਦੇਸ਼ ਵਾਸੀਆਂ ਖ਼ਾਸਕਰ ਓਡੀਸ਼ਾ ਦੇ ਲੋਕਾਂ ਨੂੰ ਵਧਾਈ ਦਿੱਤੀ ਏ।

ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ ਰਾਸ਼ਟਰਪਤੀ ਨੇ ਕਿਹਾ ਕਿ ਨੁਆਖਾਈ, ਸਿਰਫ਼ ਇੱਕ ਰਵਾਇਤੀ ਪਰਬ ਨਹੀਂ ਏ। ਇਹ ਰਲ ਮਿਲ ਕੇ ਭੋਜਨ ਕਰਨ ਦਾ ਵੀ ਮੌਕਾ ਏ। ਇਸ ਦੌਰਾਨ ਦੋਸਤ ਅਤੇ ਪਰਿਵਾਰਕ ਮੈਂਬਰ ਇਕੱਠੇ ਹੁੰਦੇ ਨੇ। ਇਹ ਪੁਰਬ ਸਮਾਜਿਕ ਅਤੇ ਪਰਿਵਾਰਕ ਸਾਂਝ ਦਾ ਪ੍ਰਤੀਕ ਵੀ ਏ।

---------------------------------------------------

ਸਰਕਾਰ ਨੇ ਕਿਹਾ ਏ ਕਿ ਬੈਂਕ ਯੂਨੀਫਾਈਡ ਪੇਮੈਂਟਸ ਇੰਟਰਫੇਸ (UPI) ਜਾਂ RuPay-ਦੁਆਰਾ ਸੰਚਾਲਤ ਡੈਬਿਟ ਕਾਰਡਾਂ ਰਾਹੀਂ ਕੀਤੇ ਗਏ 2,000 ਰੁਪਏ ਤੱਕ ਦੇ ਲੈਣ-ਦੇਣ ਜਾਂ ਭੁਗਤਾਨਾਂ 'ਤੇ ਚਾਰਜ ਨਹੀਂ ਲਗਾ ਸਕਦੇ। ਇੱਕ ਸਰਕਾਰੀ ਗਜ਼ਟ ਨੋਟੀਫਿਕੇਸ਼ਨ ਮੁਤਾਬਕ ਕੋਈ ਵੀ ਬੈਂਕ

ਜਾਂ ਭੁਗਤਾਨ ਪ੍ਰਣਾਲੀ ਮੁਹਈਆ ਕਰਨ ਨਾਲ ਇਨ੍ਹਾਂ ਤਰੀਕਿਆਂ ਰਾਹੀਂ ਲੈਣ-ਦੇਣ ਕਰਨ ਵਾਲੇ ਵਿਅਕਤੀਆਂ 'ਤੇ ਸਿੱਧੇ ਜਾਂ ਅਸਿੱਧੇ ਚਾਰਜ ਨਹੀਂ ਲਗਾ ਸਕਦਾ। ਵਿੱਤ ਮੰਤਰਾਲੇ ਨੇ UPI ਲੈਣ-ਦੇਣ 'ਤੇ ਚਾਰਜਾਂ ਸੰਬੰਧੀ ਨਿਯਮਾਂ ਨੂੰ ਸਪੱਸ਼ਟ ਕਰਨ ਲਈ ਭੁਗਤਾਨ ਅਤੇ ਸੈਟਲਮੈਂਟ ਸਿਸਟਮ ਐਕਟ ਤਹਿਤ ਇਹਨਾਂ ਬਦਲਾਵਾਂ ਨੂੰ ਨੋਟੀਫਾਈ ਕੀਤਾ ਏ।

-----------------------------------------------------------

ਗ੍ਰਾਮੀਣ ਵਿਕਾਸ ਵਿਭਾਗ, ਪੈਨਸ਼ਨ ਫੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ ਨੇ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਸਮਾਜਿਕ ਸੁਰੱਖਿਆ ਮਜ਼ਬੂਤ ਕਰਨ ਤੇ ਪੈਨਸ਼ਨ ਦਾ ਦਾਇਰਾ ਵਧਾਉਣ ਲਈ ਪੈਨਸ਼ਨ ਸਖੀਆਂ ਰਾਹੀਂ ਇੱਕ ਸਮਝੌਤਾ ਪੱਤਰ ’ਤੇ ਦਸਤਖ਼ਤ ਕੀਤੇ ਨੇ।

ਗ੍ਰਾਮੀਣ ਵਿਕਾਸ ਮੰਤਰਾਲੇ ਨੇ ਕਿਹਾ ਏ ਕਿ ਇਸ ਸਮਝੌਤੇ ਤਹਿਤ ਦੀਨਦਿਆਲ ਅੰਤੋਦਿਆ ਯੋਜਨਾ-ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ ਰਾਹੀਂ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਪੈਨਸ਼ਨ ਸਬੰਧੀ ਸਹਾਇਤਾ ਦੇਣ ਲਈ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣਗੀਆਂ।

-----------------------------------------------------------

ਪੁਰਸ਼ ਕ੍ਰਿਕਟ ਵਿੱਚ, ਭਾਰਤ ਅੱਜ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਅਫਗਾਨਿਸਤਾਨ ਵਿਰੁੱਧ ਦੂਜਾ 20-20 ਅੰਤਰਰਾਸ਼ਟਰੀ ਮੈਚ

ਖੇਡੇਗਾ। ਇਹ ਮੈਚ ਸ਼ਾਮੀ ਸਾਢੇ 7 ਵਜੇ ਸ਼ੁਰੂ ਹੋਵੇਗਾ। ਐਤਵਾਰ ਨੂੰ ਖੇਡੇ ਗਏ ਪਹਿਲੇ ਮੈਚ ਵਿੱਚ ਸੱਤ ਵਿਕਟਾਂ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਭਾਰਤ ਤਿੰਨ ਮੈਚਾਂ ਦੀ ਲੜੀ ਵਿੱਚ 1-0 ਨਾਲ ਅੱਗੇ ਏ। ਲੜੀ ਦਾ ਤੀਜਾ ਮੈਚ ਵੀਰਵਾਰ ਨੂੰ ਇਸੇ ਮੈਦਾਨ 'ਤੇ ਖੇਡਿਆ ਜਾਵੇਗਾ।

---

- ਚੁਗਿਰਦਾ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਕੇਂਦਰੀ ਮੰਤਰੀ ਭੂਪੇਂਦਰ ਯਾਦਵ ਨੇ ਅੱਜ ਗਾਂਧੀਨਗਰ ਵਿੱਚ 'ਵਰਲਡ ਸਰਕੂਲਰ ਇਕਾਨਮੀ ਫੋਰਮ 2026 ਸੰਮੇਲਨ' ਨੂੰ ਸੰਬੋਧਨ ਕਰਦਿਆਂ, ਨਿਰੰਤਰ ਵਿਕਾਸ ਢਾਂਚੇ ਵਿੱਚ 'circular economy' ਦੇ ਸਿਧਾਂਤਾਂ ਨੂੰ ਸ਼ਾਮਲ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਅਤੇ ਉਦਯੋਗ ਵਿਚਕਾਰ ਭਾਈਵਾਲੀ, ਭਾਰਤ ਨੂੰ ਰੱਖਿਆ ਉਤਪਾਦਨ ਦਾ ਆਲਮੀ ਕੇਂਦਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਏ।

- ਕੇਂਦਰੀ ਜਾਂਚ ਬਿਊਰੋ (CBI) ਨੇ Celebrity ਮੈਨੇਜਰ, ਦਿਸ਼ਾ ਸਾਲੀਅਨ ਦੀ ਮੌਤ ਦੇ ਮਾਮਲੇ ਵਿੱਚ FIR ਦਰਜ ਕੀਤੀ।

- ਭਾਰਤ ਦਾ ਰਾਸ਼ਟਰੀ ਲੋਕ ਸੇਵਾ ਪ੍ਰਸਾਰਕ, ਦੂਰਦਰਸ਼ਨ ਅੱਜ ਆਪਣਾ 67ਵਾਂ ਸਥਾਪਨਾ ਦਿਵਸ ਮਨਾ ਰਿਹਾ ਏ।

- ਭਾਰਤ ਅਤੇ ਅਫਗਾਨਿਸਤਾਨ ਵਿਚਕਾਰ ਦੂਜਾ Twenty-twenty ਅੰਤਰਰਾਸ਼ਟਰੀ ਕ੍ਰਿਕੇਟ ਮੈਚ ਅੱਜ ਸ਼ਾਮੀਂ ਸਾਢੇ 7 ਵਜੇ ਦਿੱਲੀ ਵਿੱਚ ਖੇਡਿਆ ਜਾਏਗਾ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**